ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 1

ਡਿਪਟੀ ਕਮਿਸ਼ਨਰ ਨੇ ਐਮਪੀ ਫੰਡ ਦੇ 10 ਲੱਖ ਰੁਪਏ ਸਿਵਲ ਸਰਜਨ ਦਫਤਰ ਨੂੰ ਟਰਾਂਸਫਰ ਕੀਤੇ, ਵੈਂਟੀਲੇਟਰ ਸਿਸਟਮ ਖਰੀਦਣ ਦੇ ਨਿਰਦੇਸ਼

ਕੋਰੋਨਾ ਕੇ ਖਿਲਾਫ ਜੰਗ, ਸਿਵਿਲ ਹਸਪਤਾਲ ਵਿਚ ਕਰੋਨਾ ਦੇ ਮਰੀਜਾਂ ਲਈ ਸਥਾਪਿਤ ਕੀਤਾ ਜਾਵੇਗਾ ਨਵਾਂ ਵੈਂਟੀਲੇਟਰ ਸਿਸਟਮ

ਫਿਰੋਜ਼ਪੁਰ 7 ਅਪ੍ਰੈਲ ( ) ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ੍ਰੀ ਕੁਲਵੰਤ ਸਿੰਘ ਨੇ ਐਮ ਪੀ ਫੰਡ ਵਿਚੋਂ ਪ੍ਰਾਪਤ ਹੋਏ 10 ਲੱਖ ਰੁਪਏ ਸਿਵਲ ਸਰਜਨ ਦਫ਼ਤਰ ਨੂੰ ਟਰਾਂਸਫਰ ਕਰ ਦਿੱਤੇ ਹਨ ਅਤੇ ਸਿਵਲ ਸਰਜਨ ਡਾ: ਨਵਦੀਪ ਸਿੰਘ ਨੂੰ ਸਿਵਲ ਹਸਪਤਾਲ ਲਈ ਨਵਾਂ ਵੈਂਟੀਲੇਟਰ ਸਿਸਟਮ ਖਰੀਦਣ ਦੇ ਨਿਰਦੇਸ਼ ਦਿੱਤੇ ਹਨ। ਇਹ ਵੈਂਟੀਲੇਟਰ ਸਿਸਟਮ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਕਿਸੇ ਵੀ ਮਰੀਜ਼ ਲਈ ਵਰਤਿਆ ਜਾਵੇਗਾ। ਡਿਪਟੀ ਕਮਿਸ਼ਨਰ ਸ੍ਰੀ ਕੁਲਵੰਤ ਸਿੰਘ ਨੇ ਕਿਹਾ ਕਿ ਕੋਰੋਨਾ ਵਾਇਰਸ ਖਿਲਾਫ ਚੱਲ ਰਹੀ ਲੜਾਈ ਵਿੱਚ ਸਰਕਾਰ ਵੱਲੋਂ ਬਹੁਤ ਸਾਰੇ ਯਤਨ ਕੀਤੇ ਜਾ ਰਹੇ ਹਨ, ਜਿਸ ਵਿੱਚ ਸਮਾਜ ਦੇ ਸਾਰੇ ਵਰਗਾਂ ਦਾ ਚੰਗਾ ਸਮਰਥਨ ਵੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੋਰੋਨਾ ਖਿਲਾਫ ਚੱਲ ਰਹੀ ਲੜਾਈ ਵਿੱਚ ਸੰਸਦ ਮੈਂਬਰ ਫੰਡ ਤੋਂ 10 ਲੱਖ ਰੁਪਏ ਪ੍ਰਾਪਤ ਹੋਏ, ਜਿਸ ਨੂੰ ਸਿਵਲ ਸਰਜਨ ਦਫ਼ਤਰ ਟਰਾਂਫਸਰ ਕਰ ਕੇ ਵੈਂਟੀਲੇਟਰ ਸਿਸਟਮ ਖਰੀਦਣ ਲਈ ਕਿਹਾ ਗਿਆ। ਉਨ੍ਹਾਂ ਕਿਹਾ ਕਿ ਇਸ ਲੜਾਈ ਵਿੱਚ ਵੈਂਟੀਲੇਟਰ ਸਿਮਸਟ ਕਾਫ਼ੀ ਮਹੱਤਵਪੂਰਨ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਦਾਨੀ ਸੱਜਣ ਇਸ ਦੇਸ਼ ਅਤੇ ਵਿਦੇਸ਼ ਤੋਂ ਲਗਾਤਾਰ ਯੋਗਦਾਨ ਪਾ ਰਹੇ ਹਨ, ਜੋ ਰੈਡ ਕਰਾਸ ਸੁਸਾਇਟੀ ਵੱਲੋਂ ਸਥਾਪਤ ਜ਼ਿਲ੍ਹਾ ਪੱਧਰੀ ਫੰਡ ਵਿੱਚ ਆਪਣਾ ਸਮਰਥਨ ਦੇ ਰਹੇ ਹਨ। ਉਨ੍ਹਾਂ ਲੋਕਾਂ ਨੂੰ ਇਸ ਨੇਕ ਕਾਰਜ ਲਈ ਖੁੱਲ੍ਹ ਕੇ ਦਾਨ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਲੋੜਵੰਦ ਲੋਕਾਂ ਤੱਕ ਮੱਦਦ ਪਹੁੰਚਾਉਣ ਲਈ ਪੂਰੀ ਸਹਾਇਤਾ ਹੋ ਸਕੇ

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ
ਪ੍ਰੈਸ ਨੋਟ 2

ਕਰਫਿ ਦੌਰਾਨ ਵਿੱਚ ਜ਼ੀਰੋ ਲਾਈਨ ਤੱਕ ਮੱਦਦ ਲੈ ਕੇ ਪਹੁੰਚੀ ਪ੍ਰਸ਼ਾਸਨ ਦੀ ਟੀਮ, 150 ਪਰਿਵਾਰਾਂ ਨੂੰ ਸੁੱਕਾ ਰਾਸ਼ਨ ਵੰਡਿਆ
ਭਾਰਤ-ਪਾਕਿ ਕੌਮਾਂਤਰੀ ਸਰਹੱਦ ਨਾਲ ਲੱਗਦੇ ਪਿੰਡ ਗੱਟੀ ਰਹੀਮੇ ਕੇ ਅਤੇ ਜੈਲੋਕੇ ਵਿਖੇ ਲੋੜਵੰਦਾਂ ਅਤੇ ਗਰੀਬ ਲੋਕਾਂ ਤੱਕ ਪਹੁੰਚਾਈ ਸਹਾਇਤਾ

ਫਿਰੋਜ਼ਪੁਰ 7 ਅਪ੍ਰੈਲ ( ) ਕੋਰੋਨਾ ਵਾਇਰਸ 'ਦੇ ਮੱਦੇਨਜਰ ਲਗਾਏ ਗਏ ਕਰਫਿ ਦੌਰਾਨ, ਮੰਗਲਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਪਿੰਡ ਵਿੱਚ ਗਰੀਬਾਂ ਅਤੇ ਜ਼ਰੂਰਤਮੰਦ ਲੋਕਾਂ ਨੂੰ ਸੁੱਕੇ ਰਾਸ਼ਨ ਦੇ ਪੈਕੇਟ ਲੈ ਕੇ ਪਹੁੰਚੀ ਅਤੇ ਲਗਭਗ 150 ਪਰਿਵਾਰਾਂ ਨੂੰ ਰਾਸ਼ਨ ਵੰਡਿਆ। ਨਾਇਬ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਅਤੇ ਵੇਅ ਹੈਡ ਵੈਲਫੇਅਰ ਸੁਸਾਇਟੀ ਦੇ ਅਧਿਕਾਰੀ ਰਾਹੁਲ ਕੱਕੜ ਦੀ ਅਗਵਾਈ ਹੇਠ ਟੀਮ ਪਿੰਡ ਗੱਟੀ ਰਹੀਮੇ ਕੇ ਅਤੇ ਜੈਲੋਕੇ ਵਿਖੇ ਲੋਕਾਂ ਲਈ ਰਾਸ਼ਨ ਲੈ ਕੇ ਪਹੁੰਚੀ। ਇਹ ਦੋਵੇਂ ਪਿੰਡ ਜ਼ੀਰੋ ਲਾਈਨ ਦੇ ਬਹੁਤ ਨੇੜੇ ਹਨ ਅਤੇ ਸਤਲੁਜ ਦਰਿਆ ਦੇ ਨਾਲ ਲੱਗਦੇ ਹਨ।

ਵਿਸਥਾਰਤ ਜਾਣਕਾਰੀ ਦਿੰਦੇ ਹੋਏ ਨਾਇਬ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀ ਕੁਲਵੰਤ ਸਿੰਘ ਦੀਆਂ ਹਦਾਇਤਾਂ 'ਤੇ ਸਰਹੱਦੀ ਪਿੰਡਾਂ ਵਿਚ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਇਹ ਸਾਰੇ ਪਿੰਡ ਇਕ-ਇਕ ਕਰਕੇ ਕਵਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਅੱਜ 150 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ, ਸਾਡੀ ਟੀਮਾਂ ਦਿਨ ਭਰ ਸਖਤ ਮਿਹਨਤ ਕਰ ਰਹੀਆਂ ਹਨ ਅਤੇ ਸੰਕਟ ਦੀ ਇਸ ਸਥਿਤੀ ਤੋਂ, ਜਿਥੇ ਵੀ ਰਾਸ਼ਨਿੰਗ ਅਤੇ ਖਾਣ ਪੀਣ ਸਬੰਧੀ ਫੋਨ ਆਉਂਦੇ ਹਨ ਉਥੇ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ.

ਡਿਪਟੀ ਕਮਿਸ਼ਨਰ ਸ੍ਰੀ ਕੁਲਵੰਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਰਾਸ਼ਨ ਅਤੇ ਭੋਜਨ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਸਾਡਾ ਟੀਚਾ ਗਰੀਬਾਂ ਅਤੇ ਲੋੜਵੰਦਾਂ ਖ਼ਾਸਕਰ ਦਿਹਾੜੀਦਾਰਾਂ ਤੱਕ ਮਦਦ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਵਸਤਾਂ ਦੀ ਸਪਲਾਈ ਪਹਿਲੇ ਦਿਨ ਤੋਂ ਹੀ ਸ਼ੁਰੂ ਕੀਤੀ ਗਈ ਸੀ, ਜੋ ਕਿ ਹੁਣ ਕਿਤੇ ਬਿਹਤਰ ਹੋ ਗਈ ਹੈ। ਰੇਹੜੀ ਅਤੇ ਕਰਿਆਨੇ ਵਾਲੇ ਆਪਣਾ ਮਾਲ ਲੋਕਾਂ ਦੇ ਘਰਾਂ ਵਿੱਚ ਪਹੁੰਚਾ ਰਹੇ ਹਨ। ਉਥੇ ਹੀ ਸੁੱਕਾ ਰਾਸ਼ਨ ਅਤੇ ਭੋਜਨ ਗਰੀਬ ਅਤੇ ਲੋੜਵੰਦ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ, ਜਿਸ ਵਿੱਚ ਸਮਾਜ ਸੇਵੀ ਸੇਵਾਵਾਂ ਅਤੇ ਧਾਰਮਿਕ ਸੰਸਥਾਵਾਂ ਦਾ ਮਹੱਤਵਪੂਰਣ ਯੋਗਦਾਨ ਹੈ। ਇਸ ਕੰਮ ਵਿਚ 70 ਸਮਾਜ ਸੇਵੀ ਸੰਸਥਾਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ, ਜਿਨ੍ਹਾਂ ਨੇ ਹੁਣ ਤਕ ਹਜ਼ਾਰਾਂ ਵਿਚ ਰਾਸ਼ਨ ਅਤੇ ਖਾਣੇ ਦੇ ਪੈਕੇਟ ਵੰਡੇ ਹਨ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ,ਫਿਰੋਜ਼ਪੁਰ

ਪ੍ਰੈਸ ਨੋਟ 3

ਫਿਰੋਜ਼ਪੁਰ ਵਿੱਚ ਹੁਣ ਜੋਮੈਟੋ ਦੇ ਜਰੀਏ ਮਿਲੇਗੀ ਗ੍ਰੋਸਰੀ ਅਤੇ ਡੇਅਰੀ ਪ੍ਰੋਡੈਕਟਸ

ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਰੂਰੀ ਵਸਤੂਆਂ ਦੀ ਹੋਮ ਡਿਲੀਵਰੀ ਦੇ ਲਈ ਜੋਮੈਟੋ ਦੇ ਨਾਲ ਸ਼ਹਿਰ ਦੇ ਵੱਡੇ ਗ੍ਰੋਸਰੀ ਸੈਂਟਰ ਅਤੇ ਡੇਅਰੀਆਂ ਦਾ ਕਰਵਾਇਆ ਟਾਪਅੱਪ

ਫਿਰੋਜ਼ਪੁਰ 7 ਅਪ੍ਰੈਲ 2020

ਫਿਰੋਜ਼ਪੁਰ ਵਿੱਚ ਹੁਣ ਜੋਮੈਟੋ ਦੇ ਜਰੀਏ ਸਿਰਫ ਖਾਣਾ ਹੀ ਨਹੀਂ ਬਲਕਿ ਗ੍ਰੋਸਰੀ ਅਤੇ ਡੇਅਰੀ ਪ੍ਰੋਡੈਕਟਸ ਦੀ ਵੀ ਹੋਮ ਡਿਲੀਵਰੀ ਦੀ ਸੁਵਿਧਾ ਮਿਲੇਗੀ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜੋਮੈਟੋ ਦਾ ਟਾਪਅਪ ਸ਼ਹਿਰ ਦੇ ਵੱਡੇ ਗ੍ਰੋਸਰੀ ਸਟੋਰ ਤੇ ਡੇਅਰੀਆਂ ਦੇ ਨਾਲ ਕਰਵਾ ਦਿੱਤਾ ਹੈ। ਹੁਣ ਕੰਪਨੀ ਵੱਲੋਂ ਜ਼ਰੂਰੀ ਵਸਤੂਆਂ ਦੀ ਹੋਮ ਡਿਲੀਵਰੀ ਮੁਹੱਈਆ ਕਰਵਾਈ ਜਾਵੇਗੀ ਅਤੇ ਕੰਪਨੀ ਨੂੰ ਹੋਮ ਡਿਲੀਵਰੀ ਸਿਸਟਮ ਦੇ ਨਾਲ ਜੁੜਨ ਵਾਲੇ ਸਟੋਰਾਂ ਦਾ ਵਿਵਰਣ ਵੀ ਕੰਪਨੀ ਦੇ ਮੋਬਾਇਲ ਐਪ ਤੇ ਅੱਪਡੇਟ ਕਰ ਦਿੱਤਾ ਗਿਆ ਹੈ।

ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਐੱਸ.ਡੀ.ਐੱਮ ਫਿਰੋਜ਼ਪੁਰ ਸ੍ਰੀ. ਅਮਿਤ ਗੁਪਤਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਦੇ ਨਿਰਦੇਸ਼ਾਂ ਤੇ ਜ਼ਰੂਰੀ ਵਸਤੂਆਂ ਦੀ ਹੋਮ ਡਿਲੀਵਰੀ ਨੂੰ ਹੋਰ ਬਿਹਤਰ ਬਣਾਉਣ ਦੇ ਲਈ ਫੂਡ ਡਿਲਵਰੀ ਦੇ ਖੇਤਰ ਵਿੱਚ ਕੰਮ ਕਰ ਰਹੀ ਜੋਮੈਟੋ ਕੰਪਨੀ ਦੇ ਨਾਲ ਸ਼ਹਿਰ ਦੇ ਪ੍ਰਮੁੱਖ ਗ੍ਰੋਸਰੀ ਸਟੋਰਾਂ ਅਤੇ ਡੇਅਰੀ ਫਾਰਮਰਾਂ ਦਾ ਤਾਲਮੇਲ ਕਰਵਾ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਟੋਰਾਂ ਅਤੇ ਕੰਪਨੀ ਦੇ ਹੋਮ ਡਿਲਵਰੀ ਵਾਲੇ ਮੁਲਾਜ਼ਮਾਂ ਦੇ ਕਰਫਿਊ ਪਾਸ ਬਣਾ ਕੇ ਦਿੱਤੇ ਗਏ ਹਨ। ਇਸ ਵਿੱਚ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਦੇ ਕਈ ਫਰਮਾਂ ਸ਼ਾਮਲ ਹਨ। ਵਿਸ਼ਾਲ ਮੈਗਾ ਮਾਰਟ ਨੂੰ ਵੀ ਇਸ ਕੜੀ ਦੇ ਨਾਲ ਜੋੜਿਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸਟਾਕ ਦੀ ਵੀ ਕੋਈ ਕਮੀ ਨਹੀਂ ਹੈ ਅਤੇ ਲੋਕ ਆਪਣੀ ਜ਼ਰੂਰਤ ਦਾ ਸਾਮਾਨ ਹੁਣ ਜੋਮੈਟੋ ਤੋਂ ਵੀ ਮੰਗਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਰੂਰੀ ਵਸਤੂਆਂ ਦੀ ਹੋਮ ਡਿਲਵਰੀ ਹੋਰ ਬਿਹਤਰ ਬਣਾਉਣ ਦੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਦੇ ਤਹਿਤ ਇਹ ਕਦਮ ਉਠਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਯਤਨ ਦੇ ਚੱਲਦੇ ਲੋਕਾਂ ਨੂੰ ਜ਼ਰੂਰੀ ਸਮਾਨ ਮੰਗਵਾਉਣ ਲਈ ਹੁਣ ਪਹਿਲਾ ਨਾਲੋਂ ਵੀ ਕਾਫੀ ਆਸਾਨੀ ਹੋਵੇਗੀ ਕਿਉਂਕਿ ਵੱਡੀ ਗਿਣਤੀ ਵਿੱਚ ਲੋਕ ਪਹਿਲਾ ਹੀ ਇਸ ਐਪ ਦਾ ਇਸਤੇਮਾਲ ਕਰ ਰਹੇ ਹਨ। ਹੁਣ ਲੋਕ ਖਾਣ ਦੇ ਨਾਲ-ਨਾਲ ਗ੍ਰੋਸਰੀ ਅਤੇ ਡੇਅਰੀ ਪ੍ਰੋਡੈਕਟ ਵੀ ਘਰ ਵਿੱਚ ਮੰਗਵਾ ਸਕਦੇ ਹਨ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 4

ਸਕੂਲ ਫੀਸ ਜਾਂ ਫਿਰ ਕੇਬਲ ਬਿੱਲ ਦੇ ਲਈ ਬਣਾਇਆ ਦਬਾਅ ਤਾਂ ਹੋਵੇਗੀ ਕਾਰਵਾਈ-ਡਿਪਟੀ ਕਮਿਸਨਰ

ਜ਼ਿਲ੍ਹੇ ਦੇ ਸਾਰੇ ਗੈਰ-ਸਰਕਾਰੀ ਸਿੱਖਿਅਕ ਸੰਸਥਾਵਾਂ ਨੂੰ ਸਕੂਲ ਦੀ ਫੀਸ ਜਮ੍ਹਾਂ ਕਰਵਾਉਣ ਦੀ ਅੰਤਿਮ ਤਾਰੀਖ ਇੱਕ ਮਹੀਨੇ ਤੱਕ ਵਧਾਉਣ ਦਾ ਨਿਰਦੇਸ ਦਿੱਤਾ

ਸਾਰੇ ਕੇਬਲ ਆਪਰੇਟਰਾਂ ਨੂੰ ਕੋਰੋਨਾ ਵਾਇਰਸ ਦਾ ਪ੍ਰਕੋਪ ਖਤਮ ਹੋਣ ਤੋਂ ਬਾਅਦ ਉਗਰਾਹੀ ਕਰਨ ਦੇ ਲਈ ਕਿਹਾ

---

ਡਿਪਟੀ ਕਮਿਸਨਰ ਸ੍ਰ. ਕੁਲਵੰਤ ਸਿੰਘ ਨੇ ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਮੱਦੇਨਜ਼ਰ ਰੱਖਦੇ ਹੋਏ ਜ਼ਿਲ੍ਹੇ ਦੇ ਗੈਰ-ਸਰਕਾਰੀ ਸਕੂਲਾਂ ਨੂੰ ਬੱਚਿਆਂ ਦੇ ਮਾਪਿਆਂ ਤੇ ਸਕੂਲ ਫੀਸ ਵਸੂਲੀ ਦੇ ਲਈ ਦਬਾਅ ਨਹੀਂ ਬਣਾਉਣ ਦਾ ਨਿਰਦੇਸ਼ ਦਿੱਤਾ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਕੇਬਲ ਆਪਰੇਟਰਾਂ ਨੂੰ ਵੀ ਉਪਭੋਗਤਾਵਾਂ ਤੋਂ ਕੇਬਲ ਬਿੱਲ ਮਹਾਮਾਰੀ ਦਾ ਪ੍ਰਕੋਪ ਰੁਕਣ ਤੱਕ ਨਹੀਂ ਵਸੂਲਣ ਦਾ ਆਦੇਸ਼ ਦਿੱਤਾ ਹੈ।

ਸੋਮਵਾਰ ਨੂੰ ਜਾਰੀ ਦੋ ਵਿੰਭਿਨ ਆਦੇਸ਼ਾਂ ਵਿੱਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਹਾਮਾਰੀ ਦੇ ਚੱਲਦੇ ਸਾਰੇ ਗੈਰ-ਸਰਕਾਰੀ ਸਕੂਲਾਂ ਦੀ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ ਨੂੰ ਰੀ-ਸ਼ੈਡਿਊਲ ਕਰਨਾ ਹੋਵੇਗਾ ਤੇ ਇਹ ਤਾਰੀਖ ਅਗਲੇ 30 ਦਿਨ ਤੱਕ ਵਧਾਉਣੀ ਹੋਵੇਗੀ। ਇਸ ਵਿੱਚ ਜੇਕਰ ਕਿਸੇ ਨੇ ਸਕੂਲ ਫੀਸ ਮੰਗੀ ਤਾਂ ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਜ਼ਿਲ੍ਹੇ ਦੇ ਸਾਰੇ ਕੇਬਲ ਆਪਰੇਟਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਮਹਾਮਾਰੀ ਦਾ ਪ੍ਰਕੋਪ ਰੁਕਣ ਤੱਕ ਲੋਕਾਂ ਤੋਂ ਕੇਬਲ ਬਿੱਲ ਦੀ ਵਸੂਲੀ ਨਾ ਕਰਨ।ਪ੍ਰਕੋਪ ਰੁਕਣ ਤੇ ਉਹ ਲੋਕਾਂ ਤੋਂ ਵਸੂਲੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰ ਵਿੱਚ ਲੋਕਾਂ ਤੱਕ ਸੂਚਨਾਵਾਂ ਪਹੁੰਚਾਉਣ ਦੇ ਲਈ ਮੀਡੀਆ ਦੀ ਅਹਿਮ ਭੂਮਿਕਾ ਹੈ, ਇਸ ਲਈ ਸਾਰੇ ਕੇਬਲ ਆਪਰੇਟਰ ਕੇਬਲ ਕੁਨੈਕਸ਼ਨ ਦੇ ਸੰਚਾਲਨ ਨੂੰ ਯਕੀਨੀ ਬਣਾਉਣਗੇ। ਇਸੇ ਤਰ੍ਹਾਂ ਵੱਡੇ ਪੱਧਰ ਤੇ ਰਿਲੇਅ ਕਰਨ ਵਾਲੇ ਛੋਟੇ ਰਿਲੇਅ ਕਰਨ ਵਾਲਿਆਂ ਦੇ ਕੁਨੈਕਸ਼ਨ ਵੀ ਨਹੀਂ ਕੱਟਣਗੇ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਆਦੇਸ਼ਾਂ ਦਾ ਕਿਸੇ ਨੇ ਵੀ ਉਲੰਘਣ ਕੀਤਾ ਤਾਂ ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਿਤ ਵਿਭਾਗਾਂ ਨੂੰ ਇਸ ਆਦੇਸ਼ਾਂ ਦੀ ਪਾਲਣਾ ਕਰਨ ਦਾ ਨਿਰਦੇਸ਼ ਦਿੱਤਾ।